**OFFICE OF EXECUTIVE ENGINEER, ESTATE**
**LUDHIANA CANAL CIRCLE, LUDHIANA**
**DEPARTMENT OF WATER RESOURCES PUNJAB**
(email id- xenestateldh@gmail.com)

ਨੰਬਰ: ਮਿਤੀ :-

## ਨੋਟਿਸ ਬੋਲੀ

Satadree Island Park ਐਟ ਰੋਪੜ ਹੈਡ ਵਰਕਸ ਨੇੜੇ ਦਰਿਆ ਸਤਲੁਜ਼ ਅਤੇ ਸਰਹੰਦ ਨਹਿਰ ਵਿਖੇ ਰੈਸਟੋਰੇਂਟ/ਕੈਫੇ ਦੀ ਸਮਾਂ ਐਗਰੀਮੈਂਟ ਦੀ ਮਿਤੀ ਤੋ 3 ਸਾਲ ਤੱਕ ਦੀ ਲੀਜ ਬੋਲੀ ਮਿਤੀ 30-07-2024 ਨੂੰ ਹੇਠ ਲਿਖੇ ਸਥਾਨ ਤੇ ਨਿਸਚਿਤ ਕੀਤੀ ਗਈ ਹੈ। ਜੇਕਰ ਇਸ ਮਿਤੀ ਨੂੰ ਅਚਾਨਕ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਅਗਲੇ ਕੰਮ ਵਾਲੇ ਦਿਨ ਬੋਲੀ ਕੀਤੀ ਜਾਵੇਗੀ। ਬੋਲੀ ਦੇਣ ਦੇ ਚਾਹਵਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਸ਼ਚਿਤ ਸਮੇ ਸਿਰ ਪੁੱਜ ਕੇ ਲਾਭ ਉਠਾਉਣ। ਬੋਲੀ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1. ਰੈਸਟੋਰੈਂਟ/ਕੈਫੇ ਵਾਸਤੇ ਬੋਲੀ ਦੀ ਰਾਖਵੀ ਰਕਮ (Reserve price), ਅਤੇ ਸੁਰੱਖਿਆ ਰਕਮ Security amount) ਕੀਮਤ ਨਿਰਧਾਰਨ ਕਮੇਟੀ ਦੁਆਰਾ ਕੀਤੀ ਗਈ (ਮਹੀਨਾਵਾਰ) ਨਿਰਧਾਰਤ ਰਕਮ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰ: | ਸਥਾਨ ਦਾ ਵੇਰਵਾ | ਖੇਤਰਫਲ | ਰਾਖਵੀ ਕੀਮਤ ਮਹੀਨਾਵਾਰ ਰੁਪਏ | ਸਕਿਉਰਟੀ ਰਕਮ | ਬੋਲੀ ਕਰਵਾਉਣ ਦੀ ਮਿਤੀ ਅਤੇ ਨਿਸਚਤ ਸਥਾਨ |
|---|---|---|---|---|---|
| 1 | ਰੈਸਟੋਰੈਂਟ/ਕੈਫੇ | 3432 sq.ft. | 38500/- | 3850/- | 30.07.2024 (ਕਾਰਜਕਾਰੀ ਇੰਜੀਨੀਅਰ ਰੋਪੜ ਨਹਿਰ ਅਤੇ ਗਰਾਊਂਡ ਵਾਟਰ ਮੰਡਲ) ਸਮਾ 10.30 AM |
| 2 | ਹਾਲ | 4515 sq.ft. | 15,000/- | 1500/- | |

2. ਇਹ ਰੈਸਟੋਰੈਂਟ/ਕੈਫੇ 3 ਸਾਲ ਦੀ ਮਿਆਦ ਲਈ ਹਰ ਸਾਲ 5% ਵਾਧੇ ਨਾਲ ਲੀਜ਼ 'ਤੇ ਦਿੱਤਾ ਜਾਵੇਗਾ। ਨਵੀਂ ਨਿਲਾਮੀ ਲੀਜ਼ ਦੀ ਮਿਆਦ ਦੀ ਸਮਾਪਤੀ ਜਾਂ ਕਿਸੇ ਵੀ ਲੀਜ਼ ਸਮਝੌਤੇ ਨੂੰ ਰੱਦ ਕਰਨ ਤੋਂ ਬਾਅਦ ਕੀਤੀ ਜਾਵੇਗੀ।

3. ਸਾਰੇ ਭਾਗੀਦਾਰਾਂ ਨੂੰ ਬੋਲੀ ਦੀ ਪ੍ਰਕਿਰਿਆ ਵਿਚ ਹਿੱਸਾ ਲੈਣ ਤੋਂ ਪਹਿਲਾਂ ਕੀਮਤ ਨਿਰਧਾਰਨ ਕਮੇਟੀ ਦੁਆਰਾ ਨਿਰਧਾਰਤ ਕੀਤੀ ਗਈ ਘੱਟੋ-ਘੱਟ ਸੁਰੱਖਿਆ ਰਕਮ ਜੋ ਉਪਰ ਦਿੱਤੇ ਟੇਬਲ ਅਨੁਸਾਰ ਦੱਸੀ ਗਈ ਹੈ ਕੈਸ਼ /ਡਿਮਾਂਡ ਡਰਾਫਟ ਦੇ ਤੋਰ ਤੇ ਜਮ੍ਹਾਂ ਕਰਵਾਈ ਜਾਵੇਗੀ। ਡਿਮਾਂਡ ਡਰਾਫਟ Executive Engineer/Ropar Canal and Ground water Division, WRD, Ropar. ਦੇ ਨਾਮ ਤੇ ਹੋਵੇਗਾ। ਇਹ ਰਕਮ (Security amount) ਨਿਲਾਮੀ ਪੂਰੀ ਹੋਣ ਤੋਂ ਬਾਅਦ ਅਸਫਲ ਬੋਲੀਕਾਰਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ ਜਦੋਂ ਕਿ ਸਫਲ ਬੋਲੀਕਾਰ ਦੀ ਸੁਰੱਖਿਆ ਰਕਮ (Security amount) ਨੂੰ ਸਫਲ ਬੋਲੀ ਦੀ ਰਕਮ ਵਿੱਚ ਐਡਜਸਟ ਕੀਤਾ ਜਾਵੇਗਾ।

4. ਸਫਲ ਬੋਲੀਕਾਰ, ਬੋਲੀ ਪ੍ਰਕਿਰਿਆ ਦੇ ਸਮਾਪਤ ਕਰਨ ਲਈ ਮੌਕੇ 'ਤੇ 2 ਮਹੀਨਿਆਂ ਦੀ ਲੀਜ਼ ਦੀ ਰਕਮ ਮੌਕੇ ਤੇ ਜਾਂ 2 ਘੰਟਿਆ ਦੇ ਸਮੇ ਅੰਦਰ ਜਮ੍ਹਾ ਕਰਵਾਏਗਾ। ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ, ਉਸ ਦੀ Security amount ਜ਼ਬਤ ਕਰ ਲਈ ਜਾਵੇਗੀ ਅਤੇ ਬੋਲੀ ਦੀ ਪ੍ਰਕਿਰਿਆ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਫਲ ਬੋਲੀਕਾਰ 2 ਮਹੀਨਿਆਂ ਦੀ ਲੀਜ਼ ਰਕਮ ਜਮ੍ਹਾ ਨਹੀਂ ਕਰਵਾ ਦਿੰਦਾ। ਇਹ ਰਕਮ ਆਉਣ ਵਾਲੇ ਮਹੀਨਿਆਂ ਦੇ ਕਿਰਾਏ ਵਿੱਚ ਐਡਜਸਟ ਕੀਤੀ ਜਾਵੇਗੀ।

Scanned with CamScanner

5. ਮਹੀਨਾਵਾਰ ਲੀਜ਼ ਦੀ ਰਕਮ ਅਲਾਟੀ ਦੁਆਰਾ ਹਰ ਮਹੀਨੇ ਦੀ 7 ਤਰੀਕ ਤੋਂ ਪਹਿਲਾਂ ਜਮ੍ਹਾ ਕਰਵਾਈ ਜਾਵੇਗੀ।

6. ਮਹੀਨਾਵਾਰ ਕਿਰਾਇਆ ਜਮ੍ਹਾ ਕਰਨ ਵਿੱਚ ਅਸਫਲ ਰਹਿਣ 'ਤੇ ਨਿਰਧਾਰਤ ਮਿਤੀ ਤੋਂ ਬਾਅਦ ਮਹੀਨਾਵਾਰ ਕਿਰਾਏ ਦੇ 20% ਵਾਧੇ ਦਾ ਜੁਰਮਾਨਾ ਲਗਾਇਆ ਜਾਵੇਗਾ। ਲਗਾਤਾਰ 3 ਮਹੀਨਿਆਂ ਲਈ ਕਿਰਾਏ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਲੀਜ਼ ਸਮਝੌਤੇ ਨੂੰ ਰੱਦ ਕੀਤਾ ਜਾਵੇਗਾ।

7. ਸਫਲ ਬੋਲੀਕਾਰ ਨੂੰ ਵਿਭਾਗ ਦੀ ਜ਼ਮੀਨ 'ਤੇ ਕੋਈ ਦਰੱਖਤ ਕੱਟਣ/ਵੱਢਣ/ਵਧਾਉਣ/ਕਬਜਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

8 ਰਾਖਵੀਂ ਕੀਮਤ (ਮਹੀਨਾਵਾਰ) 1000 ਰੁਪਏ ਪ੍ਰਤੀ ਬੋਲੀ ਵਧੇਗੀ।

9. ਚਲਦੀ ਬੋਲੀ ਦੀ ਪੂਰਨ ਵਿਡੀਓਗ੍ਰਾਫੀ ਕਰਵਾਈ ਜਾਵੇਗੀ।

10. ਸਫਲ ਬੋਲੀਕਾਰ ਵੱਲੋ ਅਸ਼ਟਾਮ ਤੇ ਯੋਗ ਸ਼ਰਤਾਂ ਅਨੁਸਾਰ ਕਾਰਜਕਾਰੀ ਇੰਜੀਨੀਅਰ/ਅਸਟੇਟ ਲੁਧਿਆਣਾ ਨਹਿਰ ਹਲਕਾ ਲੁਧਿਆਣਾ ਨਾਲ ਐਗਰੀਮੈਂਟ ਕੀਤਾ ਜਾਵੇਗਾ ਅਤੇ ਲੀਜ਼ ਦੀ ਮਿਆਦ ਸਬੰਧਤ ਕਾਰਜਕਾਰੀ ਇੰਜੀਨੀਅਰ ਨਾਲ ਕੀਤੇ ਗਏ ਐਗਰੀਮੈਂਟ ਦੀ ਮਿਤੀ ਤੋ 3 ਸਾਲ ਲਈ ਵੈਲਿਡ ਹੋਵੇਗੀ। ਇਸ ਲੀਜ਼ ਦਾ ਐਗਰੀਮੈਂਟ ਡਿਪਟੀ ਕਮਿਸ਼ਨਰ, ਰੋਪੜ ਦੇ ਦਫਤਰ ਪਾਸੋ ਐਨ.ਓ.ਸੀ. ਪ੍ਰਾਪਤ ਹੋਣ ਉਪਰੰਤ ਕੀਤਾ ਜਾਵੇਗਾ।

11. ਸਫਲ ਬੋਲੀਕਾਰ ਇਸ ਜਗ੍ਹਾ ਨੂੰ ਕਿਸੇ ਹੋਰ ਵਿਅਕਤੀ/ਫਰਮ ਨੂੰ ਸਬਲੈਟ ਨਹੀ ਕਰੇਗਾ। ਅਜਿਹਾ ਕਰਨ ਦੀ ਸੂਰਤ ਵਿੱਚ ਲੀਜ਼ ਐਗਰੀਮੈਂਟ ਰੱਦ ਕਰ ਦਿੱਤਾ ਜਾਵੇਗਾ ਅਤੇ ਬੋਲੀਕਾਰ ਨੂੰ 5 ਸਾਲ ਲਈ ਭਵਿੱਖ ਵਿੱਚ ਆਕਸ਼ਨਾਂ ਵਿੱਚ ਹਿੱਸਾ ਲੈਣ ਤੋ ਡੀਬਾਰ ਕਰ ਦਿੱਤਾ ਜਾਵੇਗਾ।

12. ਰੈਸਟੋਰੈਂਟ/ਕੈਫੇ ਦਾ ਕਬਜਾ ਐਗਰੀਮੈਂਟ ਦੀ ਮਿਤੀ ਤੋ 3 ਸਾਲ ਬਾਅਦ ਦੁਪਹਿਰ ਛੱਡਣਾ ਪਵੇਗਾ ਅਤੇ ਹਾਲ ਦੀ ਜਗ੍ਹਾ ਵਿਭਾਗ ਵੱਲੋ 3 ਦਿਨ ਦਾ ਨੋਟਿਸ ਦੇਣ ਉਪਰੰਤ ਕਿਸੇ ਵੀ ਸਮੇ ਖਾਲੀ ਕਰਵਾਈ ਜਾ ਸਕਦੀ ਹੈ।

13. ਰੈਸਟੋਰੈਂਟ/ਕੈਫੇ ਦੇ ਸੰਬੰਧ ਵਿੱਚ ਜੋ ਵੀ ਪੰਜਾਬ ਸਰਕਾਰ ਵੱਲੋ ਸਮੇ -2 ਸਿਰ ਹਦਾਇਤਾਂ ਜਾਰੀ ਹੋਣਗੀਆ, ਉਹਨਾ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇਗੀ।

14. ਬੋਲੀ ਪ੍ਰਵਾਨ ਕਰਨ ਦਾ ਜਾ ਨਾ ਕਰਨ ਦਾ ਪੂਰਾ ਅਧਿਕਾਰ ਉੱਚ ਅਧਿਕਾਰੀਆ ਨੂੰ ਹੋਵੇਗਾ।

15. ਖਾਣ-ਪੀਣ ਵਾਲੀਆ ਚੀਜਾ ਦੇ ਰੇਟ ਤੋਲ/ਮਾਪ ਦਾ ਆਧਾਰ ਮਾਰਕਿਟ ਰੇਟ ਤੇ ਵੱਧ ਨਹੀ ਹੋਣਾ ਚਾਹੀਦਾ ਅਤੇ ਉਹਨਾਂ ਦੀ ਰੇਟ ਲਿਸਟ/ Flex Board ਲਗਾਇਆ ਜਾਵੇਗਾ।

16. ਖਾਣ-ਪੀਣ ਵਾਲੀਆ ਚੀਜਾ ਵਧੀਆ ਅਤੇ ਸਦਾ ਢੱਕੀਆ ਹੋਣੀਆ ਚਾਹੀਦੀਆ ਹਨ।

17. ਬਿਜਲੀ/ ਪਾਣੀ ਦਾ ਪ੍ਰਬੰਧ ਅਤੇ ਖਪਤ ਦਾ ਖਰਚਾ ਸਫਲ ਬੋਲੀਕਾਰ ਦਾ ਹੋਵੇਗਾ।

18. ਇਹ ਕਿ ਰੈਸਟੋਰੈਂਟ/ਕੈਫੇ ਦਾ ਆਲਾ-ਦੁਆਲਾ ਸਾਫ ਸੁਥਰਾ ਰੱਖਿਆ ਜਾਵੇ ਅਤੇ ਕਿਸੇ ਪ੍ਰਕਾਰ ਦਾ ਪ੍ਰਦੂਸ਼ਣ ਨਹੀਂ ਕੀਤਾ ਜਾਵੇਗਾ। ਜਿਸ ਦੀ ਉਲੰਘਣਾ ਕਰਨ ਦੀ ਜਿੰਮੇਵਾਰੀ ਖੁਦ ਬੋਲੀਕਾਰ ਦੀ ਹੋਵੇਗੀ।

19. ਜੇਕਰ ਮੌਕੇ ਤੇ ਕੰਮ ਚਲਾਉਣ ਲਈ ਕਿਸੇ ਹੋਰ ਵਿਭਾਗ ਤੋ ਐਨ.ਓ.ਸੀ. ਪ੍ਰਾਪਤ ਕੀਤੀ ਜਾਣੀ ਹੈ ਤਾਂ ਉਸਦੀ ਜਿੰਮੇਵਾਰ ਸਫਲ ਬੋਲੀਕਾਰ ਦੀ ਹੋਵੇਗੀ।

Scanned with CamScanner

20. ਸਫਲ ਬੋਲੀਕਾਰ ਰੈਸਟੋਰੈਂਟ/ਕੈਫੇ ਤੇ ਕਿਸੇ ਪ੍ਰਕਾਰ ਦੁਰਘਟਨਾ/ ਲੜਾਈ - ਝਗੜਾ/ ਲਿਟੀਗੇਸ਼ਨ ਆਦਿ ਦਾ ਖੁਦ ਜਿਮੇਵਾਰ ਹੋਵੇਗਾ।

21. ਵਧੇਰੇ ਜਾਣਕਾਰੀ/ ਪੁੱਛ ਗਿੱਛ ਲਈ ਉਪ ਮੰਡਲ ਅਫਸਰ, ਰੋਪੜ ਹੈੱਡਵਰਕਸ ਉਪ ਮੰਡਲ, ਰੋਪੜ ( ਮੋਬਾਇਲ ਨੰਬਰ 8054251920) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

22. ਜਲ ਸਰੋਤ ਵਿਭਾਗ ਕੋਲ ਲੀਜ ਸਮਝੋਤੇ ਨੂੰ ਰੱਦ ਕਰਨ ਦਾ Suo-motu ਅਧਿਕਾਰ ਹੋਵੇਗਾ ਅਤੇ ਸਬੰਧਤ ਅਲਾਟੀ ਪਾਸੋ ਰੈਸਟੋਰੈਂਟ/ਕੈਫੇ ਖਾਲੀ ਕਰਨ ਲਈ 15 ਦਿਨ ਦਾ ਸਮਾ ਦਿੱਤਾ ਜਾਵੇਗਾ

23.ਜੇਕਰ ਸਫਲ ਬੋਲੀਕਾਰ ਵੱਲੋਂ ਨਿਸਚਿਤ ਖੇਤਰਫਲ ਤੋਂ ਜਿਆਦਾ ਏਰੀਆਂ ਵਰਤੋਂ ਵਿੱਚ ਲਿਆਦਾ ਜਾਦਾ ਹੈ ਤਾ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਕਮਰਸੀਅਲ ਰੇਟ ਤੇ ਜੁਰਮਾਨਾ ਵਸੂਲਿਆ ਜਾਵੇਗਾ।

22. ਜੇਕਰ ਕੋਈ ਬੋਲੀਕਾਰ ਬੋਲੀ ਪ੍ਰਕਿਰਿਆ ਦੌਰਾਨ ਕਿਸੇ ਵੀ ਤਰਾ ਦਾ ਗਲਤ ਵਿਵਹਾਰ ਜਾਂ ਅਨੁਸਾਸ਼ਨ ਭੰਗ ਕਰਦਾ ਹੈ ਤਾ ਉਸਦੀ ਸੁਰੱਖਿਆ ਰਕਮ (Security amount) ਜਬਤ ਕਰ ਲਈ ਜਾਵੇਗੀ ਅਤੇ ਉਸਨੂੰ ਬੋਲੀ ਦੋਰਾਨ ਡੀਬਾਰ ਕਰ ਦਿੱਤਾ ਜਾਵੇਗਾ।

ਕਾਰਜਕਾਰੀ ਇੰਜੀਨੀਅਰ/ਅਸਟੇਟ
ਲੁਧਿਆਣਾ ਨਹਿਰ ਹਲਕਾ,
ਜਲ ਸਰੋਤ ਵਿਭਾਗ, ਪੰਜਾਬ
ਲੁਧਿਆਣਾ

ਪਿੱਠ ਅੰਕਣ ਨੰਬਰ: 522-28/9-L/RC/Ropar ਮਿਤੀ: 01/07/2024

ਉਪਰੋਕਤ ਦਾ ਉਤਾਰਾ:-

1. ਨਿਗਰਾਨ ਇੰਜੀਨੀਅਰ, ਲੁਧਿਆਣਾ, ਜਲ ਸਰੋਤ ਵਿਭਾਗ, ਪੰਜਾਬ, ਲੁਧਿਆਣਾ।
2. ਕਾਰਜਕਾਰੀ ਇੰਜੀਨੀਅਰ/ਹੈੱਡਕੁਆਟਰ ਕਮ-ਅਸਟੇਟ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਕਾਰਜਕਾਰੀ ਇੰਜੀਨੀਅਰ, ਰੋਪੜ ਨਹਿਰ ਮੰਡਲ, ਰੋਪੜ ਨੂੰ ਲਿਖਿਆ ਜਾਂਦਾ ਹੈ ਕਿ ਕਾਪੀ ਨੋਟਿਸ ਬੋਰਡ ਤੇ ਲਗਾਈ ਜਾਵੇ।
4. ਡਿਪਟੀ ਕਮਿਸ਼ਨਰ, ਰੋਪੜ।
5. ਉਪ ਮੰਡਲ ਅਫਸਰ, ਰੋਪੜ ਨੂੰ ਲਿਖਿਆ ਜਾਂਦਾ ਹੈ ਕਿ ਇਸ ਨੋਟਿਸ ਦੀ ਇੱਕ ਕਾਪੀ ਨੂੰ ਨੋਟਿਸ ਬੋਰਡ ਤੇ ਲਗਾਇਆ ਜਾਵੇ।
6. ਕਾਰਜਕਾਰੀ ਇੰਜੀਨੀਅਰ, ਆਈ.ਟੀ. ਸਾਖਾ ਮੁੱਖ ਦਫਤਰ ਚੰਡੀਗੜ੍ਹ ਜੀ ਨੂੰ ਬੋਲੀ ਨੋਟਿਸ ਨੂੰ https://irrigation.punjab.gov.in/ ਦੀ ਵੈਬ ਸਾਈਟ ਤੇ ਅਪਲੋਡ ਕਰਨ ਲਈ ਲਿਖਿਆ ਜਾਂਦਾ ਹੈ।
7. ਆਮ ਜਨਤਾ ਲਈ ਨੋਟਿਸ ਬੋਰਡ।

ਕਾਰਜਕਾਰੀ ਇੰਜੀਨੀਅਰ/ਅਸਟੇਟ
ਲੁਧਿਆਣਾ ਨਹਿਰ ਹਲਕਾ,
ਜਲ ਸਰੋਤ ਵਿਭਾਗ, ਪੰਜਾਬ
ਲੁਧਿਆਣਾ

Scanned with CamScanner